SPECIMEN MATERIAL

# A-level
# PANJABI

## Paper 3 Listening Test Transcript

Specimen 2020

Time allowed: 2 hours 30 minutes

**FOR INVIGILATOR'S USE ONLY**

7682/3/T

**Section A Listening**

**Question 01**

**ਵਿਸਾਖੀ ਮੇਲਾ**

**ਔਨਲਾਈਨ ਰਿਕਾਰਡਿੰਗ ਤੇ ਇੱਕ ਤਿਉਹਾਰ ਬਾਰੇ ਰਿਪੋਰਟ ਦਾ ਹਿੱਸਾ ਸੁਣੋ।**

ਹੁਣ ਵਿਸਾਖੀ ਦਾ ਪਹਿਲਾਂ ਵਰਗਾ ਚਾਅ ਨਹੀਂ ਰਿਹਾ। ਪਹਿਲਾਂ ਫਸਲਾਂ ਦੇ ਪੈਸੇ ਵੱਟ ਕੇ ਸਾਰੇ ਚਾਅ ਪੂਰੇ ਕੀਤੇ ਜਾਂਦੇ ਸਨ। ਹੁਣ ਫਸਲ ਸਾਂਭੀ ਤਾਂ ਜਾਂਦੀ ਹੈ ਪਰ ਸ਼ਗਨਾਂ ਦਾ ਬੋਹਲ ਘਰ ਨਹੀਂ ਆਉਂਦਾ, ਬਾਹਰੋਂ ਹੀ ਟਰਾਲੀ ਮੰਡੀ ਦੇ ਰਾਹ ਪੈ ਜਾਂਦੀ ਹੈ। ਫਸਲ ਵਿਕਣ ਸਾਰ ਹੀ ਸ਼ਾਹੂਕਾਰ ਕਿਸਾਨ ਦੇ ਨਾਂ ਕਰਜ਼ਾ ਲਿਖ ਲੈਂਦੇ ਹਨ ਕਿ ਬਕਾਇਆ ਅਗਲੀ ਫਸਲ ਤੇ। ਇਨ੍ਹਾਂ ਫਿਕਰਾਂ ਵਿੱਚ ਕਿਸਾਨ ਭੰਗੜੇ ਪਾਉਣੇ ਭੁੱਲ ਜਾਂਦੇ ਹਨ।

ਮੇਰੇ ਬਚਪਨ ਵਿੱਚ ਵਿਸਾਖੀ ਦੇ ਮੇਲੇ ਥਾਂ ਥਾਂ ਤੇ ਲਗਦੇ ਸਨ ਅਤੇ ਸਾਡੇ ਪਿੰਡ ਦੀ ਵਿਸਾਖੀ ਦੀ ਯਾਦ ਦਰਿਆ ਕੰਢੇ ਲਗਦੇ ਮੇਲੇ ਦੀ ਹੈ। ਜਿਸ ਵਿੱਚ ਵੱਖ ਵੱਖ ਪਿੰਡਾਂ ਤੋਂ ਭੰਗੜੇ ਦੀਆਂ ਟੀਮਾਂ ਆਉਂਦੀਆਂ ਅਤੇ ਗੋਲ ਚੱਕਰ ਵਿੱਚ ਸਾਰਾ ਦਿਨ ਭੰਗੜਾ ਪਾ ਪਾ ਕੇ ਨੌਜਵਾਨ ਥੱਕ ਜਾਂਦੇ।

ਭੰਗੜੇ ਦੇ ਨਵੇਂ ਢੰਗਾਂ ਲਈ ਸਿਆਲਕੋਟ ਤੋਂ ਆ ਕੇ ਵਸੇ ਬਾਰ ਦੇ ਲੋਕ ਬਹੁਤ ਮਸ਼ਹੂਰ ਸਨ। ਉਹ ਹੁਣ ਦੇ ਸਟੇਜ ਤੇ ਭੰਗੜੇ ਪਾਉਣ ਵਾਲਿਆਂ ਵਾਂਗ ਚਮਕਦੇ ਵਸਤਰ ਨਹੀਂ ਸਨ ਪਹਿਨਦੇ ਤੇ ਹੱਥਾਂ ਵਿੱਚ ਖੂੰਡੇ ਅਤੇ ਡਾਂਗਾਂ ਲੈ ਕੇ ਆਉਂਦੇ ਸਨ। ਹਰ ਇੱਕ ਮੇਲੇ ਵਿੱਚ ਖੁਸ਼ੀ ਮਨਾਉਣ ਆਉਂਦਾ ਸੀ ਅਤੇ ਦਿਲਾਂ ਵਿੱਚ ਦੂਜਿਆਂ ਲਈ ਪਿਆਰ ਸੀ। ਮੇਲੇ ਵਿੱਚ ਜੇ ਕੋਈ ਸ਼ਰਾਬ ਪੀ ਕੇ ਖਰੂਦ ਕਰਦਾ ਤਾਂ ਪੁਲਿਸ ਉਸ ਦੀ ਚੰਗੀ ਭੁਗਤ ਸਵਾਰਦੀ ਸੀ।

**Question 02**

**ਪੰਜਾਬੀ ਗੀਤ ਸੰਗੀਤ**

ਰੇਡੀਓ ਪ੍ਰੋਗਰਾਮ ਤੇ ਪੰਜਾਬੀ ਗੀਤ ਸੰਗੀਤ ਬਾਰੇ ਗੱਲਬਾਤ ਸੁਣੋ।

**M** ਸੰਗੀਤ ਦਰਪਣ ਪ੍ਰੋਗਰਾਮ ਵਿੱਚ ਤੁਹਾਡਾ ਨਿੱਘਾ ਸੁਆਗਤ !

**F** ਅੱਜ ਆਪਣੇ ਪ੍ਰੋਗਰਾਮ ਵਿੱਚ ਤੁਸੀਂ ਕਿਹੜੀ ਸ਼ਖਸੀਅਤ ਬਾਰੇ ਗੱਲ ਕਰੋਗੇ ?

**M** ਅੱਜ ਅਸੀਂ ਗੀਤਕਾਰ ਬਚਨ ਬੇਦਿਲ ਬਾਰੇ ਗੱਲਬਾਤ ਕਰਾਂਗੇ। ਬਚਨ ਪੰਜਾਬੀ ਸੰਗੀਤ ਦੀ ਦੁਨੀਆਂ ਵਿੱਚ ਇੱਕ ਤਾਰੇ ਵਾਂਗ ਚਮਕ ਰਿਹਾ ਹੈ। ਉਸ ਨੇ ਆਪਣੇ ਗੀਤਾਂ ਰਾਹੀਂ ਕਈ ਗਾਉਣ ਵਾਲਿਆਂ ਨੂੰ ਕਾਮਯਾਬ ਕਰਕੇ ਫਰਸ਼ਾਂ ਤੋਂ ਅਰਸ਼ਾਂ ਤੱਕ ਪਹੁੰਚਾਇਆ ਹੈ।

**F** ਮੈਂ ਬਚਨ ਬੇਦਿਲ ਬਾਰੇ ਬਹੁਤਾ ਨਹੀਂ ਜਾਣਦੀ, ਤੁਸੀਂ ਉਸ ਦੇ ਸੰਗੀਤ ਦੀ ਦੁਨੀਆਂ ਵਿੱਚ ਕੰਮ ਬਾਰੇ ਕੁਝ ਦੱਸੋ ?

**M** ਰੋਜ਼ੀ ਰੋਟੀ ਲਈ ਬਚਨ ਬੇਦਿਲ ਪੰਜਾਬ ਪੁਲਿਸ ਵਿੱਚ ਨੌਕਰੀ ਕਰਦਾ ਸੀ ਅਤੇ ਪਿਛਲੇ ਤੀਹ ਸਾਲਾਂ ਤੋਂ ਗੀਤ ਲਿਖ ਰਿਹਾ ਹੈ। ਹੁਣ ਉਹ ਰਿਟਾਇਰ ਹੋ ਕੇ ਪੰਜਾਬੀ ਸੰਗੀਤ ਦੀ ਸੇਵਾ ਕਰ ਰਿਹਾ ਹੈ।

**F** ਉਸ ਦੇ ਗੀਤਾਂ ਦੀ ਕਿਹੜੀ ਗੱਲ ਹੈ ਜਿਸ ਕਰਕੇ ਉਹ ਮਸ਼ਹੂਰ ਹੈ ?

**M** ਬਚਨ ਆਪਣੇ ਉਦਾਸੀ ਭਰੇ ਗੀਤਾਂ ਲਈ ਬਹੁਤ ਮਸ਼ਹੂਰ ਹੈ, ਗੱਲ ਕੀ, ਸੁਣ ਕੇ ਤੁਸੀਂ ਉਸ ਉਦਾਸੀ ਵਿੱਚ ਗੁਆਚ ਜਾਂਦੇ ਹੋ।

**F** ਬਚਨ ਬੇਦਿਲ ਨੇ ਸੰਗੀਤ ਦੀ ਦੁਨੀਆਂ ਵਿੱਚ ਕੰਮ ਵਧੀਆ ਕੀਤਾ ਹੈ, ਉਸ ਬਾਰੇ ਸਰੋਤਿਆਂ ਨੂੰ ਹੋਰ ਵੀ ਦੱਸੋ।

**M** ਜ਼ਰੂਰ, ਕਿਉਂ ਨਹੀਂ ! ਬਚਨ ਬੇਦਿਲ ਨਵੇਂ ਗੀਤਕਾਰਾਂ ਨਾਲੋਂ ਬਹੁਤ ਵੱਖਰਾ ਹੈ। ਉਹ ਸਰੋਤਿਆਂ ਦੀ ਪਸੰਦ ਦੇ ਨਵੇਂ ਗੀਤ ਲਿਖ ਕੇ ਪੇਸ਼ ਕਰਦਾ ਹੈ। ਉਹ ਨਵੇਂ ਗਾਇਕਾਂ ਨੂੰ ਸੇਧ ਤੇ ਸਲਾਹ ਦੇ ਕੇ ਨਵੇਂ ਢੰਗ ਨਾਲ ਪੇਸ਼ ਕਰਦਾ ਹੈ।

**F** ਉਸ ਦੀ ਪੰਜਾਬੀ ਬੋਲੀ ਅਤੇ ਸਮਾਜ ਨੂੰ ਦੇਣ ਬਾਰੇ ਹੋਰ ਕੁਝ ਦੱਸੋ।

**M** ਬਚਨ ਬੇਦਿਲ ਨੇ ਪੰਜਾਬੀ ਸਾਹਿਤ ਦੀ ਸੇਵਾ ਕਰਦੇ ਹੋਏ ਹੁਣੇ ਹੀ ਆਪਣੀ ਮਸ਼ਹੂਰ ਕਿਤਾਬ, ‘ਪਿੰਡ ਵਾਜਾਂ ਮਾਰਦਾ’ ਛਾਪੀ ਹੈ। ਉਹ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਜਿਵੇਂ ਕਿ ਦਾਜ, ਭਰੂਣ ਹੱਤਿਆ ਅਤੇ ਨਸ਼ਿਆਂ ਦੀ ਸਮੱਸਿਆ ਦੂਰ ਕਰਨ ਲਈ ਸਮਾਜ ਸੇਵਾ ਕਰ ਰਿਹਾ ਹੈ।

**Question 03**

**ਪਰਵਾਸ**

ਤੁਸੀ ਔਨਲਾਈਨ ਪ੍ਰੋਗਰਾਮ ਤੇ ਵਿਦੇਸ਼ ਜਾਣ ਵਾਲੇ ਪੰਜਾਬੀ ਨੌਜਵਾਨਾਂ ਦੀਆਂ ਮੁਸ਼ਕਲਾਂ ਬਾਰੇ ਵਿਚਾਰ-ਵਟਾਂਦਰਾ ਸੁਣਦੇ ਹੋ।

**M** ਪੰਜਾਬ ਵਿੱਚ ਸਹੀ ਰੁਜ਼ਗਾਰ ਦੀ ਘਾਟ ਜਾਂ ਪੈਸੇ ਦੇ ਲਾਲਚ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬੀ ਗੱਭਰੂ ਏਜੰਟਾਂ ਦੇ ਮਗਰ ਲੱਗ ਕੇ ਵਿਦੇਸ਼ਾਂ ਵਿੱਚ ਚਲੇ ਜਾਂਦੇ ਹਨ। ਅੱਜ ਵੀ ਬਹੁਤ ਸਾਰੇ ਨੌਜਵਾਨ ਵਿਦੇਸ਼ਾਂ ਵਿੱਚ ਡਰ ਅਤੇ ਗਰੀਬੀ ਦੀ ਜ਼ਿੰਦਗੀ ਜੀਅ ਰਹੇ ਹਨ।

**F** ਹਾਂ ਜੀ, ਬੜੇ ਚਾਵਾਂ ਸਧਰਾਂ ਨਾਲ ਮਾਂ-ਬਾਪ ਦੇ ਪਾਲੇ ਪੁੱਤ, ਨੱਕ ਤੇ ਮੱਖੀ ਨਾ ਬੈਠਣ ਦੇਣ ਵਾਲੇ ਪੰਜਾਬੀ ਗੱਭਰੂ ਬਿਗਾਨੇ ਦੇਸ਼ ਵਿੱਚ ਇਹ ਸੋਚ ਕੇ ਜਾਂਦੇ ਹਨ ਕਿ ਅਸੀਂ ਆਪਣੀਆਂ ਅਤੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰ ਸਕਾਂਗੇ। ਜੋ ਆਪ ਨਹੀਂ ਬਣ ਸਕੇ ਆਪਣੇ ਬੱਚਿਆਂ ਨੂੰ ਬਣਾ ਸਕਾਂਗੇ। ਜਿਹੜਾ ਕਰਜ਼ਾ ਚੁੱਕਿਆ ਹੈ, ਦਿਨਾਂ ਵਿੱਚ ਹੀ ਚੁਕਾ ਦੇਵਾਂਗੇ ਅਤੇ ਘਰ ਵਿੱਚ ਖੁਸ਼ੀਆਂ ਲਿਆ ਦੇਵਾਂਗੇ। ਪਰ ਜਦੋਂ ਘਰਦਿਆਂ ਨੂੰ ਅਚਾਨਕ ਟੈਲੀਫੋਨ ਆਉਂਦਾ ਹੈ ਕਿ ਤੁਹਾਡਾ ਲੜਕਾ ਕਨੇਡਾ ਜਾਂ ਅਮਰੀਕਾ ਨਹੀਂ ਸਗੋਂ ਕਿਸੇ ਅਣਜਾਣੇ ਮੁਲਕ ਵਿੱਚ ਪਹੁੰਚ ਗਿਆ ਹੈ ਤਾਂ ਉਨ੍ਹਾਂ ਦੇ ਪੈਰਾਂ ਥੱਲਿਓਂ ਜ਼ਮੀਨ ਖਿਸਕ ਜਾਂਦੀ ਹੈ।

**M** ਤੁਸੀਂ ਬਿਲਕੁਲ ਠੀਕ ਦੱਸਿਆ ਹੈ, ਨੌਜਵਾਨਾਂ ਦੇ ਸਾਰੇ ਸੁਪਨੇ ਚਕਨਾਚੂਰ ਹੋ ਜਾਂਦੇ ਹਨ। ਉਹ ਨਾ ਘਰ ਦੇ ਰਹਿੰਦੇ ਹਨ ਤੇ ਨਾ ਹੀ ਘਾਟ ਦੇ। ਕਈ ਦੇਸ਼ਾਂ ਵਿੱਚ ਅੱਜ ਵੀ ਬਹੁਤ ਪੰਜਾਬੀ ਨੌਜਵਾਨ ਫਸੇ ਹੋਏ ਹਨ। ਉਹ ਗੁਰਦੁਆਰਿਆਂ ਵਿੱਚ ਰਹਿ ਕੇ ਗੁਜ਼ਾਰਾ ਕਰ ਰਹੇ ਹਨ। ਕਈ ਨੌਜਵਾਨ ਜਾਅਲੀ ਕਾਗਜ਼ ਪੱਤਰ ਹੋਣ ਕਾਰਨ, ਉੱਥੋਂ ਦੀ ਸਰਕਾਰ ਦੀ ਸਖਤੀ ਕਾਰਨ ਜੇਲ੍ਹਾਂ ਵਿੱਚ ਰੁਲ ਰਹੇ ਹਨ।

**F** ਗੱਲ ਤਾਂ ਤੁਹਾਡੀ ਵੀ ਸਹੀ ਹੈ। ਪੰਜਾਬ ਦੇ ਨੌਜਵਾਨਾਂ ਨੂੰ ਤੁਸੀਂ ਕੀ ਕਹਿਣਾ ਚਾਹੋਗੇ ?

**M** ਦੇਖੋ ਜੀ, ਜ਼ਮਾਨਾ ਤੇਜ਼ੀ ਤੇ ਤਰੱਕੀ ਦਾ ਹੈ। ਮੇਰੇ ਵਿਚਾਰ ਨਾਲ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਜਾਣ ਤੋਂ ਪਹਿਲਾਂ ਪੂਰੀ ਪੁੱਛ-ਪੜਤਾਲ ਕਰਨ ਅਤੇ ਏਜੰਟਾਂ ਦੀਆਂ ਗੱਲਾਂ ਵਿੱਚ ਨਾ ਆਉਣ। ਇਸ ਨਾਲ ਉਨ੍ਹਾਂ ਦਾ ਭਵਿੱਖ ਉੱਜਲਾ ਹੋ ਸਕਦਾ ਹੈ।

**Question 04**

**ਮੋਬਾਇਲ ਫੋਨ**

ਰੇਡੀਓ ਪ੍ਰੋਗਰਾਮ ਵਿੱਚ ਵਾਰਤਾ ਦੀ ਸ਼ੁਰੂਆਤ ਸੁਣੋ ਅਤੇ ਸੰਖੇਪ ਵਿੱਚ ਲਿਖੋ।

ਪੰਜਾਬ ਵਿੱਚ ਟੈਕਨੋਲੌਜੀ ਦੀ ਵਰਤੋਂ ਬਹੁਤ ਵਧ ਗਈ ਹੈ ਅਤੇ ਅੱਜ ਕੱਲ੍ਹ ਇਸ ਦੀ ਵਰਤੋਂ ਬਹੁਤ ਸਾਰੇ ਕੰਮਾਂ ਲਈ ਕੀਤੀ ਜਾਂਦੀ ਹੈ। ਸਕੂਲਾਂ ਵਿੱਚ ਪੜ੍ਹਨ ਵਾਲੇ ਬੱਚੇ ਵੀ ਇਸ ਤੋਂ ਅਛੂਤੇ ਨਹੀਂ ਰਹੇ, ਉਹ ਪੜ੍ਹਨ ਦੀ ਬਜਾਏ ਜ਼ਿਆਦਾ ਸਮਾਂ ਮੋਬਾਇਲ ਫੋਨ ਤੇ ਗੁਜ਼ਾਰਦੇ ਹਨ। ਡਰਨ ਵਾਲੀ ਗੱਲ ਇਹ ਹੈ ਕਿ ਉਨ੍ਹਾਂ ਨੂੰ ਹਰ ਕਿਸਮ ਦੀ ਅਸ਼ਲੀਲ ਸਮੱਗਰੀ ਆਸਾਨੀ ਨਾਲ ਮਿਲ ਜਾਂਦੀ ਹੈ। ਮੋਬਾਇਲ ਤੇ ਅਜਨਬੀ ਲੋਕਾਂ ਨਾਲ ਸਬੰਧ ਬਣਾ ਕੇ ਉਹ ਆਪਣੀ ਜ਼ਿੰਦਗੀ ਖਤਰੇ ਵਿੱਚ ਪਾ ਸਕਦੇ ਹਨ।

ਮੋਬਾਇਲ ਫੋਨਾਂ ਨਾਲ ਲੱਗਭਗ ਹਰ ਇੱਕ ਦੀ ਪਰਿਵਾਰਕ ਜ਼ਿੰਦਗੀ ਤੇ ਅਸਰ ਪਿਆ ਹੈ। ਬੱਚੇ ਮੋਬਾਇਲ ਫੋਨ ਤੇ ਲੱਗੇ ਰਹਿੰਦੇ ਹਨ ਅਤੇ ਪਰਿਵਾਰ ਦੇ ਜੀਆਂ ਨਾਲ ਗੱਲਬਾਤ ਨਹੀਂ ਕਰਦੇ। ਇਸ ਨਾਲ ਉਹ ਇੱਕ ਦੂਜੇ ਤੋਂ ਦੂਰ ਹੋ ਜਾਂਦੇ ਹਨ।

ਅੱਜ ਲੋੜ ਹੈ ਕਿ ਮਾਪੇ ਬੱਚਿਆਂ ਨੂੰ ਇਹ ਸਮਝਾਉਣ ਕਿ ਟੈਲਨੌਲੋਜੀ ਨੂੰ ਠੀਕ ਢੰਗ ਨਾਲ ਕਿਵੇਂ ਵਰਤਣਾ ਹੈ। ਜਿਹੜੀ ਚੀਜ਼ ਮਾਪੇ ਦੇਖ ਸਕਦੇ ਹਨ, ਉਹ ਬੱਚਿਆਂ ਕੋਲ ਵੀ ਹੈ। ਇਸ ਲਈ ਮਾਪਿਆਂ ਦਾ ਫਰਜ਼ ਹੈ ਕਿ ਉਹ ਆਪਣੇ ਬੱਚਿਆਂ ਦੇ ਮੋਬਾਇਲ ਦੀ ਵਰਤੋਂ ਤੇ ਅੱਖ ਜ਼ਰੂਰ ਰੱਖਣ।

**Section C Multi-skill task**

**Question 06**

<u>**ਦਾਜ ਪ੍ਰਣਾਲੀ**</u>

**ਤੁਸੀਂ ਦਾਜ ਦੀ ਪ੍ਰਣਾਲੀ ਬਾਰੇ ਰੇਡਿਓ ਤੇ ਗੱਲਬਾਤ ਦਾ ਇੱਕ ਹਿੱਸਾ ਸੁਣਦੇ ਹੋ।**

**M** 'ਜੀ ਆਇਆਂ ਨੂੰ', ਪ੍ਰੋਫੈਸਰ ਪੁਨੀਤ ਕੌਰ ਜੀ। ਤੁਹਾਡੇ ਦਾਜ ਪ੍ਰਣਾਲੀ ਬਾਰੇ ਕੀ ਵਿਚਾਰ ਹਨ ?

**F** ਦਾਜ ਦੇ ਸ਼ਬਦ ਤੋਂ ਕੋਈ ਵੀ ਅਣਜਾਣ ਨਹੀਂ। ਹਰ ਰੋਜ਼ ਦਾਜ ਸਬੰਧੀ ਹਾਦਸੇ ਅਖਬਾਰਾਂ ਵਿੱਚ ਆਉਂਦੇ ਹਨ। ਯੁੱਗਾਂ ਤੋਂ ਚਲਦੇ ਆ ਰਹੇ ਇਸ ਰਿਵਾਜ਼ ਨੇ ਰਿਸ਼ਤਿਆਂ ਦਾ ਅਰਥ ਪਿਆਰ ਤੋਂ ਪੈਸੇ ਵਿੱਚ ਬਦਲ ਦਿੱਤਾ ਹੈ।

**M** ਪੁਨੀਤ ਜੀ, ਤੁਸੀਂ ਤਾਂ ਦਾਜ ਦੇ ਵਿਸ਼ੇ ਤੇ ਬਹੁਤ ਖੋਜ ਕਰ ਚੁੱਕੇ ਹੋ। ਸਾਡੇ ਸਰੋਤਿਆਂ ਨੂੰ ਦੱਸੋ ਕਿ ਪੁਰਾਤਨ ਸਮਾਜ ਵਿੱਚ ਵੀ ਕੁੜੀਆਂ ਦੇ ਦਾਜ ਤੇ ਇੰਨਾ ਖਰਚਾ ਕੀਤਾ ਜਾਂਦਾ ਸੀ ?

**F** ਨਹੀਂ, ਬਿਲਕੁਲ ਨਹੀਂ। ਪੁਰਾਤਨ ਸਮਾਜ ਵਿੱਚ ਇਹ ਇੱਕ ਸਾਦੀ ਤੇ ਪਿਆਰੀ ਰਸਮ ਸੀ ਜੋ ਲੜਕੀ ਨੂੰ ਪੇਕੇ ਘਰ ਦਾ ਹਿੱਸਾ ਹੋਣ ਦਾ ਅਹਿਸਾਸ ਕਰਾਉਂਦੀ ਸੀ। ਲੜਕੀ ਦਾ ਪੇਕਾ ਪਰਿਵਾਰ ਆਪਣੇ ਵਿੱਤ ਅਨੁਸਾਰ ਉਸ ਨੂੰ ਛੋਟੀਆਂ ਛੋਟੀਆਂ ਘਰ ਵਿੱਚ ਵਰਤਣ ਵਾਲੀਆਂ ਚੀਜ਼ਾਂ ਤੋਹਫ਼ੇ ਵਜੋਂ ਦਿੰਦੇ ਸਨ। ਹੌਲੀ ਹੌਲੀ ਜਿਵੇਂ ਸਮਾਜ ਵਿੱਚ ਲਾਲਚ ਵਧਦਾ ਗਿਆ, ਦਾਜ ਦਾ ਦੈਂਤ ਵੀ ਭਿਆਨਕ ਰੂਪ ਲੈਂਦਾ ਗਿਆ।

**M** ਪੁਨੀਤ ਜੀ, ਦਾਜ ਦੀ ਇਸ ਭੈੜੀ ਰਸਮ ਨੇ ਅੱਜ ਦੇ ਸਮਾਜ ਤੇ ਕੀ ਪ੍ਰਭਾਵ ਪਾਇਆ ਹੈ ?

**F** ਇਸ ਦਾਜ ਦੀ ਰਸਮ ਨੇ ਲੱਖਾਂ ਘਰ ਬਰਬਾਦ ਕੀਤੇ ਹਨ। ਹਜ਼ਾਰਾਂ ਕੁੜੀਆਂ ਨੇ ਦਾਜ ਦੀ ਅੱਗ ਵਿੱਚ ਆਪਣੀਆਂ ਜਾਨਾਂ ਗੁਆ ਦਿੱਤੀਆਂ।

**M** ਪੁਨੀਤ ਜੀ, ਕੀ ਲੋਕਾਂ ਦੇ ਦਾਜ ਸਬੰਧੀ ਵਤੀਰੇ ਵਿੱਚ ਕੋਈ ਸੁਧਾਰ ਆਇਆ ਹੈ ?

**F** ਜੀ ਬਿਲਕੁਲ ਸੁਧਾਰ ਆਇਆ ਹੈ। ਬਹੁਤ ਸਾਰੇ ਲੋਕ ਦਾਜ ਲੈਣ ਤੇ ਦੇਣ ਵਿੱਚ ਵਿਸ਼ਵਾਸ ਨਹੀਂ ਰੱਖਦੇ। ਪੜ੍ਹਾਈ ਨਾਲ ਲੜਕੀਆਂ ਦੀ ਸੋਚ ਤੇ ਸਵੈ-ਵਿਸ਼ਵਾਸ ਵਿੱਚ ਵੀ ਬਹੁਤ ਸੁਧਾਰ ਆਇਆ ਹੈ। ਇਹ ਹੋਰ ਗੱਲ ਹੈ ਕਿ ਦਾਜ ਸਬੰਧੀ ਚੰਗੇ ਵਤੀਰੇ ਤੇ ਵਿਹਾਰ ਬਾਰੇ ਇੰਨਾ ਸੁਣਨ ਤੇ ਪੜ੍ਹਨ ਨੂੰ ਨਹੀਂ ਮਿਲਦਾ। ਇਹ ਤਾਂ ਕੁਝ ਘੱਟ-ਗਿਣਤੀ ਲੋਕ ਹਨ ਜੋ ਲਾਲਚ ਵਿੱਚ ਫਸੇ ਹੋਏ ਹਨ ਜੋ ਦਾਜ ਦੀ ਰਸਮ ਨੂੰ ਸਮਾਜ ਦੇ ਮੱਥੇ ਤੇ ਕਲੰਕ ਸਾਬਤ ਕਰ ਰਹੇ ਹਨ।

**END OF TEST**

**Blank page**

**Blank page**

Copyright © 2017 AQA and its licensors. All rights reserved